# ਯਹੂੰਨਾ ਬਪਤਿਸਮਾ ਦੇਣ ਵਾਲੇ ਨੇ ਲੋਕਾ ਨੂੰ ਪਛਤਾਵਾ ਕਰਨ ਲਈ ਬੁਲਾਇਆ।

ਜਿਹੜੇ ਬੱਚਿਆਂ ਨੂੰ ਪੜ੍ਹਾਂਦੇ ਹਨ ਉਹ R 3b

**ਪ੍ਰਾਥਨਾ:** ''ਪਿਆਰੇ ਪਿਤਾ ਤੂੰ ਜੋ ਸੁਰਗ ਵਿੱਚ ਹੈ, ਸਾਨੂੰ ਯਹੂੰਨਾ ਬਪਤਿਸਮਾ ਦੇਣ ਵਾਲੇ ਦੇ ਵਾਗ ਬਣਨ ਵਿੱਚ ਸਾਡੀ ਸਹਾਇਤਾ ਕਰੋ। ਤਾ ਕਿ ਸਾਨੂੰ ਪਾਪੀਆ ਨੂੰ ਪਛਤਾਵਾ ਕਰਨ ਅਤੇ ਪ੍ਰਭੂ ਯੀਸ਼ੂ ਦੇ ਵੱਲ ਲਿਆਉਣ ਵਿੱਚ ਸਹਾਇਤਾ ਕਰ ਸਕੀਏ ਅਤੇ ਉਨਾ ਵਿਸ਼ਵਾਸੀਆ ਨੂੰ ਬਚਾਉਣ ਵਿੱਚ ਸਹਾਇਤਾ ਕਰੀਏ ਜਿਹੜੇ ਪਾਪਾ ਦੇ ਅੰਦਰ ਲਿੰਬੜੇ ਪਏ ਹਨ।''

## 1. ਪ੍ਰਭੂ ਦੇ ਵਚਨ ਲਈ ਆਪਣੇ ਦਿਲਾ ਨੂੰ ਤਿਆਰ ਕਰੋ।

ਲੂਕਾ 3:1-18 ਵਿੱਚ ਲੱਭੋ। ਕਿ ਕਿਸ ਤਰ੍ਹਾਂ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਹਜਾਰਾਂ ਪਾਪੀਆਂ ਨੂੰ ਪਛਤਾਵਾ ਕਰਨ ਲਈ ਉਭਾਰਿਆ।

- ਜਦੋਂ ਉਹ ਲੋਕੀ ਇਹ ਸੋਚਦੇ ਸਨ ਉਹ ਚੰਗੇ ਸਨ। ਉਹ ਬਪਤਿਸਮਾ ਲੈਣ ਵਾਸਤੇ ਆਏ। ਤਦ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਉਨ੍ਹਾਂ ਨੂੰ ਕੀ ਆਖਿਆ?
- ਜਦੋਂ ਪਾਪੀ ਆਪਣੀ ਪਾਪਾ ਨੂੰ ਮੰਨਦੇ ਹੋਏ ਆਏ ਤਾਂ ਯਹੂੰਨਾ ਨੇ ਉਨਾ ਨੂੰ ਕਿ ਆਖਿਆ?



ਲੁੱਕਾ 15:1-10 ਜਿੱਥੇ ਗੁਆਚੀ ਹੋਈ ਭੇਡ ਦਾ ਦ੍ਰਿਸ਼ਟਾਤ ਪਾਇਆ ਜਾਦਾ ਹੈ, ਉਸ ਵਿੱਚ ਲੱਭੋ ਕਿ ਸੁਰਗ ਦੂਤ ਸੁਰਗ ਵਿੱਚ ਕਿਉ ਖੁਸ਼ ਹੁੰਦੇ ਹਨ।

ਕੁਝ ਚਰਵਾਹੇ ਪਾਪੀਆਂ ਨੂੰ ਪਛਤਾਵੇ ਦੇ ਲਈ ਜਬਰਦਸ਼ਤੀ ਨਾਲ ਡਰਾਉਂਦੇ ਅਤੇ ਧਮਕਾਉਂਦੇ ਹਨ। ਪਰੰਤੂ ਪ੍ਰਭੂ ਯੀਸ਼ੂ ਇਸ ਕਹਾਣੀ ਦੁਆਰਾ ਸਾਨੂੰ ਇੱਕ ਸਰਲ ਰਾਹ ਦੱਸਦੇ ਹਨ। ਉਸ ਕੰਮ ਨੂੰ ਜਿਹੜਾ ਉਹ ਚਾਹੁੰਦੇ ਹਨ।

- ਸੋਚ ਕੇ ਵੇਖੋ ਕਿ ਤੁਸੀ ਉਹ ''ਭੇਡ'' ਹੋ, ਜਿਹੜੀ ਗੁਆਚ ਗਈ ਸੀ। ਪਰ ਇੱਕ ਚੰਗੇ ਚਰਵਾਹੇ ਨੇ ਤੁਹਾਨੂੰ ਲੱਭ ਲਿਆ ਹੈ।



- ਉਹ ਬੜੀ ਨਮਰਤਾ ਨਾਲ ਤੁਹਾਨੂੰ ਆਪਣੇ ਹੱਥਾਂ ਵਿੱਚ ਚਕਦਾ ਹੈ, ਜਦੋ ਉਹ ਤੁਹਾਨੂੰ ਝੁੰਡ ਦੇ ਆਪਣੇ ਲੋਕਾਂ ਵਿੱਚ ਵਾਪਸ ਲੈ ਆਉਦਾ ਹੈ।
- ਤੁਸੀ ਡਰਦੇ ਹੋ ਕਿ ਉਹ ਤੁਹਾਨੂੰ ਗੁੱਸੇ ਹੋਵੇਗਾ ਅਤੇ ਮਾਰ ਦੇਵੇਗਾ। ਪਰ ਉਹਦਾ ਮੁੱਖ ਸਿਰਫ ਪ੍ਰੇਮ ਅਤੇ ਆਨੰਦ ਦਿਖਾਉਂਦਾ ਹੈ।
- ਅੱਜ ਜਾ ਕੱਲ ਅਸੀ ਵਾਪਿਸ ਆ ਜਾਦੇ ਹਾਂ, ਪਰੰਤੂ ਗੁਆਂਚੀ ਹੋਈ ਭੇਡ ਦਾ ਮੁੱਲ, ਪ੍ਰਭੂ ਯੀਸ਼ੂ ਲਈ ਬਹੁਤ ਹੈ।
- ਚਰਵਾਹਾ ਆਪਣੀਆਂ ਬਾਕੀ ਦੀਆ ਭੇਡਾਂ ਨੂੰ ਛੱਡਣ ਲਈ ਤਿਆਰ ਹੋ ਜਾਦਾ ਹੈ, ਜਦੋ ਤੱਕ ਉਹ ਗਲਤੀ ਕਰਨ ਵਾਲੀ ਭੇਡ ਨੂੰ ਵਾਪਿਸ ਲੱਭ ਕੇ ਨਹੀ ਲੈ ਆਉਦਾ।
- ਯੀਸ਼ੂ ਸਾਨੂੰ ਤਦੋ ਵੀ ਪਿਆਰ ਕਰਦਾ ਹੈ, ਜਦੋ ਅਸੀ ਭਟਕ ਜਾਦੇ ਹਾਂ। ਉਹ ਸਾਨੂੰ ਇੰਨਾ ਪਿਆਰ ਕਰਦਾ ਹੈ। ਕਿ ਉਹ ਸਾਡੇ ਲਈ ਮਰਿਆ। ਰੋਮੀਉ 5:8

- ਸਭ ਤੋਂ ਜਰੂਰੀ ਹੈ ਪਾਪੀਆ ਨੂੰ ਪਛਤਾਵੇ ਲਈ ਬੁਲਾਵਾ ਦੇਣਾ ਅਤੇ ਭਟਕੇ ਹੋਏ ਵਿਸ਼ਵਾਸੀਆ ਨੂੰ ਲੈ ਕੇ ਆਉਣਾ, ਉਨਾ ਨੂੰ ਪਿਆਰ ਕਰਨਾ, ਉਨਾ ਦੇ ਖਿਲਾਫ ਕੋਈ ਵੀ ਕਾਰਵਾਹੀ ਨਾ ਕਰਨਾ।
- ਜੇਕਰ ਤੁਸੀ ਇੱਕ ਬੱਚੇ ਨੂੰ ਗੁੱਸੇ ਨਾਲ ਸਹੀ ਕਰਦੇ ਹੋ ਤਾਂ ਉਹ ਵੀ ਤੁਹਾਨੂੰ ਗੁੱਸੇ ਨਾਲ ਹੀ ਉੱਤਰ ਦੇਵੇਗਾ। ਪਰ ਜੇ ਕਰ ਪ੍ਰੇਮ ਨਾਲ ਸੁਧਾਰ ਕਰੋਗੇ ਤਾਂ ਉਹ ਇਹਨੂੰ ਸਿੱਖੇਗਾ।
- ਜੇਕਰ ਤੁਹਾਡੇ ਝੁੰਡ ਦਾ ਕੋਈ ਮੈਬਰ ਭਟਕ ਜਾਂਦਾ ਹੈ, ਤਦ ਤੁਹਾਡਾ ਕੰਮ ਹੈ ਉਸਨੂੰ ਸਹੀ ਕਰਨਾ, ਅਤੇ ਮੁੜ ਵਾਪਿਸ ਲੈ ਕੇ ਆਉਣਾ।
- ਪੌਲੂਸ ਰਸੂੰਲ ਨੇ ਗਲਾਤੀਆਂ 6:1 ਵਿੱਚ ਕਿਹਾ ''ਹੇ ਭਗਾਉ ਜੇ ਕੋਈ ਮਨੁੱਖ ਕਿਸੇ ਅਪਰਾਧ ਵਿੱਚ ਫੜਿਆ ਵੀ ਜਾਵੇ ਤਾਂ ਤੁਸੀ ਜਿਹੜੇ ਆਤਮਕ ਹੋ ਅਜਿਹੇ ਮਨੁੱਖ ਨੂੰ ਨਰਮਾਈ ਦੇ ਸੁਭਾਉ ਨਾਲ ਸੁਧਾਰੋ ਅਤੇ ਆਪਣੇ ਆਪ ਵੱਲ ਧਿਆਨ ਰੱਖੋ ਅਤੇ ਤੂੰ ਵੀ ਪਰਤਾਵੇ ਵਿੱਚ ਪੈ ਜਾਓ।
- ਕਈ ਵਾਰ ਸਾਨੂੰ ਕਿਸੇ ਨੂੰ ਵਾਪਿਸ ਲਿਆਉਣ ਵਾਸਤੇ ਕਈ ਕਠੋਗ ਕਦਮ ਚੁੱਕਣੇ ਪੈਂਦੇ ਹਨ। ਪਰ ਹਮੇਸ਼ਾ ਸਾਨੂੰ ਉਹਨੂੰ ਪਿਆਰ ਨਾਲ ਇਹ ਕਰਨਾ ਚਾਹੀਦਾ ਹੈ।

## 2. ਆਪਣੇ ਸਾਥੀਆਂ ਦੀ ਹਫਤੇ ਵਿੱਚ ਹੋਣ ਵਾਲੀਆਂ ਗਤੀਵਿਧੀਆ ਦੀ ਯੋਜਨਾ ਬਣਾਉ

ਆਪਣੇ ਸਾਥੀਆਂ ਕੋਲ ਜਾਉ, ਜਿੰਨਾ ਨੂੰ ਮਸੀਹ ਦੀ ਲੋੜ ਹੈ। ਉਨਾ ਨੂੰ ਦੱਸੋ ਕਿ ਪਰਮੇਸ਼ਵਰ ਉਨਾ ਨੂੰ ਪਿਆਰ ਕਰਦਾ ਹੈ। ਉਨ੍ਹਾਂ ਦੇ ਪਾਪਾਂ ਨੂੰ ਮਾਫ ਕਰਦਾ ਹੈ। ਅਤੇ ਨਵਾ ਸਦੀਪਕ ਜੀਵਨ ਜੋ ਕਿ ਪੂਰੀ ਪਵਿੱਤਰਾ ਅਤੇ ਆਨੰਦ ਨਾਲ ਭਰਿਆ ਹੋਵੇ , ਉਹ ਦੇਣਾ ਚਾਹੁੰਦਾ ਹੈ।

ਕਿਸੇ ਵਿਸ਼ਵਾਸੀ ਦੇ ਕੋਲ ਜਾਉ, ਜਿਹੜਾ ਭਟਕ ਗਿਆ ਹੈ, ਉਸ ਨੂੰ ਮੋੜ ਲਿਆਵੋ ਜਿਵੇ ਗਲਾਤੀਆ 6:1 ਵਿੱਚ ਕਿਹਾ ਗਿਆ ਹੈ।

- ਉਨ੍ਹਾਂ ਦੀ ਪ੍ਰੇਮ ਭਾਵ ਨਾਲ ਸਹਾਇਤਾ ਕਰੋ, ਜਿਸ ਵਿੱਚ ਉਹ ਆਪਣੇ ਬਦਲਾਵ ਨੂੰ ਯਾਦ ਰੱਖ ਸੱਕਣ।
- ਕੋਸ਼ਿਸ਼ ਕਰਕੇ ਖੋਜ ਕਰੋ ਕਿ ਪਰਮੇਸ਼ਵਰ ਉਨ੍ਹਾ ਨੂੰ, ਉਨਾ ਦੇ ਪਾਪਾ ਦਾ ਅਹਿਸਾਸ ਕਰਾਏ।
- ਕੋਸ਼ਿਸ਼ ਕਰੋ ਕਿ ਉਹ ਪਰਮੇਸ਼ਵਰ ਦੇ ਬੜੇ ਪ੍ਰੇਮ ਨੂੰ ਸਮਝ ਸਕਣ।
- ਉਨ੍ਹਾਂ ਨਾਲ ਪ੍ਰਾਥਨਾ ਕਰੋ ਕਿ ਪਰਮੇਸ਼ਵਰ ਉਨ੍ਹਾਂ ਦੇ ਜੀਵਨ ਨੂੰ ਬਦਲ ਦੇਵੇ।

## 3. ਆਪਣੇ ਸਾਥੀਆਂ ਨਾਲ ਆਉਣ ਵਾਲੀ ਅਰਾਧਨਾ ਦੀ ਯੋਜਨਾ ਬਣਾਉ।

ਉਨਾ ਗਤੀਵਿਧੀਆਂ ਨੂੰ ਚੁਣੋ, ਜਿਹੜੀਆ ਉਸ ਸਮੇ ਦੀਆਂ ਲੋੜਾਂ ਅਤੇ ਉਸ ਜਗ੍ਹਾ ਦੇ ਲੋਕਾ ਦੇ ਰਿਵਾਜਾਂ ਪੂਰਾ ਕਰਨ।

ਦੱਸੋ ਜਾ ਨਾਟਕ ਕਰਕੇ ਦਿਖਾਉ, ਯਹੂੰਨਾ ਬਪਤਿਸਮਾ ਦੇਣ ਵਾਲੀ ਦੀ ਕਹਾਣੀ, ਜਿਹੜੀ ਲੂਕਾ 3:1-18 ਵਿੱਚ ਲਿਖੀ ਹੋਈ ਹੈ ਜਿਹੜਾ ਤੁਸੀਂ ਭਾਗ (1) ਵਿੱਚ ਖੋਜਿਆ ਹੈ, ਉਹਦੇ ਬਾਰੇ ਵਿੱਚ ਪ੍ਰਸ਼ਨ ਪੁੱਛੋ।

ਦੱਸੋ ਜਾਂ ਗੁਆਚੀ ਹੋਈ ਭੇਡ ਦੇ ਦ੍ਰਿਸ਼ਟਾਂਤ ਨੂੰ ਨਾਟਕ ਕਰਕੇ ਦਿਖਾਉ ਤੇ ਭਾਗ ਇੱਕ ਵਿੱਚ ਸਮਝਾਉ। ਉਹ ਰਾਹ ਜੋ ਯਿਸ਼ੂ ਚਾਹੁੰਦਾ ਹੈ ਕਿ ਅਸੀਂ ਲੋਕਾਂ ਨੂੰ ਪਛਤਾਵੇ ਲਈ ਬੁਲਾਈਏ ਅਤੇ ਭਟਕੀਆਂ ਹੋਈਆਂ ਭੇਡਾਂ ਨੂੰ ਸਹੀ ਰਾਹ ਤੇ ਲੈ ਕੇ ਆਈਏ। ਇਹ ਸਮਝਾਉ ਕਿ ਮੁੱਕਤੀ ਦਿਵਾਉਣ ਵਿੱਚ ਮਨੁੱਖ ਕੀ ਕਰਦਾ ਹੈ, ਅਤੇ ਪਰਮੇਸ਼ਵਰ ਕੀ ਕਰਦਾ ਹੈ?

- ਹਰੇਕ ਨੂੰ ਪਛਤਾਵਾ ਕਰਨਾ ਚਾਹੀਦਾ ਹੈ, ਜਿਵੇਂ ਕਿ ਦਿਲ ਦਾ ਬਦਲਨਾ ਅਤੇ ਪਰਮੇਸ਼ਵਰ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ (ਯਹੂੰਨਾ 3:1-8)
- ਪਰਮੇਸ਼ਵਰ ਸਾਨੂੰ ਵਿਸ਼ਵਾਸੀਆਂ ਨੂੰ ਮਾਫ ਕਰਦਾ ਹੈ ਅਤੇ ਹਮੇਸ਼ਾਂ ਵਾਸਤੇ, ਸਾਡੇ ਉੱਤੇ ਆਪਣੇ ਬੱਚੇ ਹੋਣ ਦੀ ਮੋਹਰ ਲਗਾ ਦਿੰਦਾ ਹੈ। ਅਤੇ ਸਾਡੇ ਦੁਬਾਰਾ ਆਤਮਕ ਜਨਮ ਵਾਸਤੇ ਆਪਣੀ ਪਵਿੱਤਰ ਆਤਮਾ ਦਿੰਦਾ ਹੈ (ਅਫਸੀਆ 1:13-14)

  ਪ੍ਰਭੂ ਭੋਜ ਦੇ ਬਾਰੇ ਦੱਸਣ ਲਈ ਲੁੱਕਾ 3:4-7 ਪੜੋ। ਜਿਥੇ ਉਨਾ ਲੋਕਾ ਦੇ ਵਿਸ਼ੇ ਵਿੱਚ ਮਿਲਦਾ ਹੇ ਜਿਹੜੇ ਯੂਹੰਨਾ ਬਪਤਿਸਮਾ ਦੇਣ ਵਾਲੇ ਕੋਲ, ਆਪਣੇ ਪਾਪਾ ਨੂੰ ਮੰਨਕੇ ਆਉਦੇ ਸਨ।

ਇਹ ਸਮਝਾਉ ਕਿ ਇਹ ਉਹਦੀ ਵਾਗ ਹੈ ਜਿਹੜੇ ਅਸੀਂ ਵਿਸ਼ਵਾਸੀ ਪ੍ਰਭੂ ਭੋਜ ਲੈਣ ਤੋਂ ਪਹਿਲਾਂ ਕਰਦੇ ਹਾਂ ਅਸੀ ਆਪਣੇ ਆਪ ਨੂੰ ਪਰਖਦੇ ਹਾਂ ਅਤੇ ਆਪਣੇ ਪਾਪਾ ਨੂੰ ਮੰਨ ਕੇ ਪਰਮੇਸ਼ਵਰ ਦੇ ਸਾਮਹਣੇ ਕਰਦੇ ਹਾਂ (1 ਕੁਰਿੰਥੀਆ 11:28)

ਕਿ ਬੱਚਿਆਂ ਨੇ ਜਕਈ ਦਾ ਨਾਟਕ ਕਰਕੇ ਵਿਖਾਇਆ? ਉਨ੍ਹਾਂ ਨੇ ਉਹ ਪ੍ਰਸ਼ਨ ਵੀ ਤਿਆਰ ਕੀਤੇ ਹੋਣਗੇ ਜਿਹੜੇ ਉਹ ਨਾਟਕ ਦੇ ਖਤਮ ਹੋਣ ਤੋਂ ਬਾਦ ਬਾਲਿਗਾ ਤੋਂ ਪੁੱਛਣਗੇ।

ਸਾਡੇ ਦੁਬਾਰਾ ਜਨਮ ਵਿੱਚ ਮਨੁੱਖ ਦਾ ਭਾਗ ਅਤੇ ਪਰਮੇਸ਼ਵਰ ਦਾ ਭਾਗ ਸਮਝਾਉ।

- ਸਾਡਾ ਭਾਗ : ਪਛਤਾਵਾ (ਪਰਮੇਸ਼ਵਰ ਉੱਤੇ ਆਪਣੀ ਮਾਫੀ ਅਤੇ ਦਿੱਲ ਦੇ ਬਦਲਨ ਲਈ ਵਿਸ਼ਵਾਸ ਕਰਨਾ) ਰੋਮੀਉ 12:2
- ਪਰਮੇਸ਼ਵਰ ਦਾ ਭਾਗ ਸਾਨੂੰ ਨਵਾਂ ਜੀਵਨ ਦੇ ਕੇ, ਸਦਾ ਲਈ ਆਪਣੇ ਬੱਚੇ ਬਣਾਉਣ ਦੀ ਮੋਹਰ ਲਾਉਂਦਾ ਹੈ, 1 ਪਤਰਸ 1:3 ਅਫਸੀਆ 1:11-14।
- ਪਹਿਲੇ ਪੜੋ ਯਾਕੂਬ 2:14-23 ਅਤੇ ਫਿਰ ਪੁੱਛੀਏ :
- ਯਾਕੂਬ ਨੇ ਕਿਹੜੇ ਦੌ ਪ੍ਰਕਾਰ ਦੇ ਵਿਸ਼ਵਾਸ, ਦੇ ਵਿਸ਼ੇ ਵਿੱਚ ਦੱਸਿਆ?
- **ਪੁੱਛੋ:** ਦੋ ਤਰ੍ਹਾਂ ਦੇ ਵਿਸ਼ਵਾਸ ਵਿੱਚ ਕੀ ਫਰਕ ਹੈ (ਪਰਮੇਸ਼ਵਰ ਉਹ ਵਿਸ਼ਵਾਸ ਚਾਹੁੰਦਾ ਹੈ, ਜਿਸਦਾ ਨਤੀਜਾ ਇੱਕ ਬਦਲਿਆ ਜੀਵਨ ਅਤੇ ਚੰਗੇ ਕੰਮ ਹੋਣ) ਉਸ ਵਿਸ਼ਵਾਸ ਤੋ ਸਾਵਧਾਨ ਰਹੋ ਜਿਹੜਾ ਪਛਤਾਵਾ ਕਰਨ ਤੋ ਬਿਨਾ ਸੁਰੂ ਹੁੰਦਾ ਹੈ। ਯਾਕੂਬ ਨੇ ਦੱਸਿਆ ਕਿ ਭੂਤ ਵੀ ਵਿਸ਼ਵਾਸ ਕਰਦਾ ਹੈ ਅਤੇ ਉਹਦੇ ਕੋਲੋਂ ਕੰਬਦਾ ਹੈ।
- ਕਵਿਤਾ ਨੂੰ ਪੜੋ ਕਿ ਸ਼ੈਤਾਨ ਨਵੇ ਚਰਵਾਹੇ ਦੇ ਕੰਨਾ ਵਿੱਚ ਕੀ ਆਖਦਾ ਹੈ? (ਜੇਕਰ ਤੁਸੀ ਇੱਕ ਕਵਿਤਾ ਦਾ ਅਨੁਵਾਦ ਕਰੋਗੇ ਤਾਂ ਤੁਸੀ ਇਸ ਦੀ ਮਿਠਾਸ ਨੂੰ ਬਣਾ ਕੇ ਨਹੀ ਰੱਖ ਸਕਦੇ)

ਝੂਠ ਬੋਲਣ ਵਾਲੇ ਨੇ ਨਿਸ਼ਾਨਾ ਲਗਾਇਆ ਅਤੇ ਤੀਰ ਨੂੰ ਛੱਡਿਆ। ਉਹਦੇ ਜਹਰ ਵਿੱਚ ਬਹੁਤ ਹੀ ਘੱਟ ਝੂਠ ਹੈ। ਇਨਾ ਅਰਾਨੀ ਅਤੇ ਤਿੱਖੇ ਤੀਰਾ ਦਾ ਸੁਨੇਹਾ ਕਿੱਥੇ ਜਾਂਦਾ ਹੈ?'' ਇਹ ਨਾ ਪੁੱਛੋ ਕਿ ਮਸੀਹ ਉਨਾ ਦੇ ਦਿਲਾ ਵਿੱਚ ਵਸਦਾ ਹੈ।

ਸਿਰਫ ਉਹਦੇ ਦਇਆ ਵਾਲੇ ਵਾਦੇ ਨੂੰ ਯਾਦ ਰੱਖੋ, ਪਰਮੇਸ਼ਵਰ ਦੇ ਹੁੱਕਮਾ ਨੂੰ ਭੁੱਲ ਜਾਵੇ।
ਆਪਣੇ ਗਿਰਜਾ ਘਰ ਦੀਆ ਬੈਚਾਂ ਨੂੰ ਕੁਝ ਵੀ ਕਹਿ ਬੁਲਾ ਸਕਦੇ ਹੋ

ਉਨਾ ਦੇ ਸਾਹਮਣੇ ਬੱਸ ਇਹ ਨਾ ਕਹੋ ਕਿ ਪਛਤਾਵਾ ਕਰਨ ਅਤੇ ਉਹਦੇ ਬਾਰੇ ਜਾਣਨ ਜਿਹੜਾ ਸੁਰਗ ਤੋ ਭੇਜਿਆ ਗਿਆ ਸੀ।
''ਨਾ ਕੋਈ ਦੋਸ਼ ਲਾਉਦਾ ਹੈ ਨਾ ਹੀ ਹੰਝੂ ਵਹਾਉਂਦਾ ਹੈ, ਇਨਾ ਗੱਲਾਂ ਨੂੰ ਕੰਨਾ ਦੀ ਖੁਰਕ ਸਮਝ ਕੇ ਹੀ ਆਨੰਦ ਮਾਣੋ।
ਅਤੇ ਬੇਫਲ ਖਾਲੀ ਵਿਸ਼ਵਾਸ ਭੇਟ ਚੜਾਉ-
ਇਸ ਵਾਗਰ ਮੈ ਤੁਹਾਨੂੰ ਆਪਣੀ ਗੋਦ ਵਿੱਚ ਭਰ ਲਵਾਂਗਾ।''

ਇਸ ਲੋਕਾਂ ਨੂੰ ਆਖੋ ਕਿ ਉਹ ਗਵਾਹੀਆਂ ਦੇਣ ਜਿਵੇਂ ਪਰਮੇਸ਼ਵਰ ਨੇ ਉਨਾ ਨੂੰ ਪਛਤਾਵਾ ਕਰਨ ਵਿੱਚ ਮੱਦਦ ਕੀਤੀ ਇਸ ਦੇ ਬਾਰੇ ਵਿੱਚ

ਇਥੇ ਇੱਕ ਉਦਾਹਰਣ ਹੈ। ਇਕ ਨੌਜਵਾਨ ਔਰਤ ਦੇ ਦੁਆਰਾ ਹੈ ''ਮੈ ਇੱਕ ਗੁਰੂ ਦੇ ਪਿੱਛੇ ਚੱਲ ਰਹੀ ਸੀ, ਜਿਹੜਾ ਸੰਸਕ੍ਰਿਤ ਵਿੱਚ ਗੱਲਾਂ ਕਰਦਾ ਅਤੇ ਇੱਕ ਆਸ਼ਰਮ ਵਿੱਚ ਰਹਿੰਦਾ ਸੀ। ਮੈ ਮੌਤ ਦੇ ਬੜੀ ਨੇੜੇ ਸੀ ਅਤੇ ਆਪਣੀ ਸੱਚਾਈ ਨੂੰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਇੱਕ ਦਿਨ ਮੈ ਸਿੱਖ ਲਿਆ ਕਿ ਮੈ ਇੱਕ ਨਿਰਾਸ਼ ਪਾਪੀ ਹਾਂ ਅਤੇ ਆਪਣੇ ਆਪ ਨੂੰ ਬਚਾਉਣ ਦੇ ਯੋਗ ਨਹੀ ਹਾਂ, ਤਦ ਯੀਸ਼ੂ ਨੇ ਮੈਨੂੰ ਪਿਆਰ ਕੀਤਾ ਅਤੇ ਮੈਨੂੰ ਬਚਾ ਲਿਆ। ਮੈ ਬੇਤਾਕਤੇ ਦੇਵਤਿਆਂ ਨੂੰ ਛੱਡ ਦਿੱਤਾ ਅਤੇ ਮੈ ਆਪਣੇ ਪਾਪ ਤੋਂ ਮਾਫੀ, ਉਸ ਉੱਤੇ ਭਰੋਸ਼ਾ ਕਰਕੇ ਮੰਗੀ ਅਤੇ ਆਪਣਾ ਜੀਵਨ ਯੀਸ਼ੂ ਨੂੰ ਦੇ ਦਿੱਤਾ।

ਇੱਕਠੇ ਯਾਦ ਕਰੋ ਮਰਕੁਸ 1:5

Copyright 2004 © by Paul-Timothy. May be freely copied. Download from www.Paul-Timothy.net